# ਮੱਛੀ ਪਾਲਣ ਵਿਭਾਗ, ਪੰਜਾਬ

**ਵਿਸ਼ਾ:- ਆਰ.ਏ.ਐਸ (Re-circulatory Aquaculture System) ਲਈ ਲਾਭਪਾਤਰੀ ਦੀ ਚੋਣ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਗਾਈਡਲਾਈਜ਼ ਸਬੰਧੀ।**

**ੳ) ਲਾਭ-ਪਾਤਰੀਆਂ ਦੀ ਯੋਗਤਾ:**

1) ਬਿਨੈਕਾਰ ਦੇ ਨਾਮ ਲੋੜੀਂਦੀ ਜਮੀਨ ਦੀ ਮਾਲਕੀਅਤ (**Clear Title of the land)** ਹੋਣੀ ਚਾਹੀਦੀ ਹੈ।

2) ਬਿਨੈਕਾਰ ਪਾਸ ਮੱਛੀ ਪਾਲਣ ਸਬੰਧੀ ਮੁੱਢਲੀ ਸਿਖਲਾਈ ਜਾਂ ਤਜਰਬਾ ਹੋਣਾ ਚਾਹੀਦਾ ਹੈ। ਜੇਕਰ ਬਿਨੈਕਾਰ ਪਾਸ ਮੁੱਢਲੀ ਸਿਖਲਾਈ ਨਹੀਂ ਹੈ ਤਾਂ ਉਹ ਇਸ ਨੂੰ ਵਿਭਾਗ ਪਾਸੋਂ ਪ੍ਰਾਪਤ ਕਰੇਗਾ।

**ਅ) ਸ਼ਰਤਾਂ:**

1) ਬਿਨੈਕਾਰ ਵਲੋਂ ਆਰ.ਏ.ਐਸ. ਲਗਾਉਣ ਲਈ ਹੇਠ ਲਿਖੇ ਦਸਤਾਵੇਜ ਜਮਾ ਕਰਵਾਏ ਜਾਣਗੇ:

**(i)** ਬਿਨੈਕਾਰ ਦੀ ਉਮਰ, ਵਿਦਿਅਕ ਯੋਗਤਾ, ਜਾਤੀ ਸਬੰਧੀ ਦਸਤਾਵੇਜ ਅਤੇ ਆਧਾਰ ਕਾਰਡ।

**(ii)** ਮੱਛੀ ਪਾਲਣ ਸਬੰਧੀ ਤਜਰਬੇ ਦਾ ਸਬੂਤ/ਟ੍ਰੇਨਿੰਗ ਸਰਟੀਫਿਕੇਟ।

**(iii)Detailed Project Report** (ਸਮੇਤ ਪ੍ਰੋਜੈਕਟ ਦੀ ਤਰਕਸ਼ੀਲਤਾ ਅਤੇ ਤਕਨੀਕੀ ਵੇਰਵਾ) ਜਿਸ ਵਿੱਚ ਹੇਠ ਲਿਖੇ ਅਨੁਸਾਰ ਮੱਦ ਸ਼ਾਮਿਲ ਹੋਣ:

- ਪ੍ਰੋਜੈਕਟ ਦਾ ਆਰਕੀਟੈਕਟ ਡਿਜ਼ਾਈਨ (ਸਮੇਤ ਵਾਟਰ ਟ੍ਰੀਟਮੈਂਟ ਯੂਨਿਟ)।
- ਸਿਵਲ ਕੰਮਾਂ ਲਈ ਅਨੁਮਾਨਿਤ ਖਰਚਾ।
- ਪ੍ਰੋਜੈਕਟ ਨੂੰ ਲਾਗੂ ਕਰਨ ਲਈ ਸਮਾਂ ਸੀਮਾ (**Schedule of Execution of work/Specific Timelines for Implementation of Project**)
- ਪ੍ਰੋਜ਼ੈਕਟ ਦਾ ਆਰਥਿਕ ਵੇਰਵਾ (**Economics of Project**.)
- ਪ੍ਰੋਜੈਕਟ ਦੀ ਸਥਾਪਨਾ ਨਾਲ ਸਿੱਧੇ ਅਤੇ ਅਸਿੱਧੇ ਤੌਰ ਤੇ ਮਹੁੱਈਆ ਹੋਣ ਵਾਲੇ ਰੋਜ਼ਗਾਰ ਅਤੇ ਮੱਛੀ ਦੇ ਉਤਪਾਦਨ ਵਿੱਚ ਹੋਣ ਵਾਲੇ ਵਾਧੇ ਦਾ ਵੇਰਵਾ।

**(iv)** ਜਿਸ ਜਮੀਨ ਤੇ ਆਰ.ਏ.ਐਸ. ਸਥਾਪਿਤ ਕਰਨਾ ਹੈ ਉਸਦੀ ਤਾਜ਼ਾ ਫਰਦ-ਜਮਾਂਬੰਦੀ, ਅਖੀਰਲੀ ਖਸਰਾ, ਗਿਰਦਾਵਰੀ ਅਤੇ ਅਕਸ ਸ਼ਿਜਰਾ ਰਿਪੋਰਟ।

**(v)** ਬਿਨੈਕਾਰ ਵਲੋਂ ਜੇਕਰ ਬੈਨੀਫੀਸ਼ਰੀ ਸ਼ੇਅਰ ਆਪਣੇ ਸਾਧਨਾਂ ਤੋਂ ਲਗਾਇਆ ਜਾਣਾ ਹੈ ਤਾਂ ਇਸ ਸਬੰਧੀ ਸਬੂਤ ਵਜੋਂ ਬੈਂਕ ਸਟੇਟਮੈਂਟ ਦੇਵੇਗਾ। ਜੇਕਰ ਬਿਨੈਕਾਰ ਵਲੋਂ ਪ੍ਰੋਜੈਕਟ ਬੈਂਕ ਪਾਸੋਂ ਕਰਜਾ ਪ੍ਰਾਪਤ ਕਰਕੇ ਸਥਾਪਿਤ ਕਰਨਾ ਹੈ, ਤਾਂ ਸਬਸਿਡੀ ਉਸ ਬੈਂਕ ਰਾਂਹੀ ਪ੍ਰਦਾਨ ਕੀਤੀ ਜਾਵੇਗੀ।

2) ਜੇਕਰ ਬਿਨੈਕਾਰ ਦਾ ਕੇਸ ਪ੍ਰਵਾਨ ਹੁੰਦਾ ਹੈ ਤਾਂ ਉਸਨੂੰ ਵਿਭਾਗ ਵਲੋਂ ਅਤੇ ਨੀਲੀ-ਕ੍ਰਾਂਤੀ ਸਕੀਮ ਅਧੀਨ ਨਿਰਧਾਰਿਤ ਮਾਪਦੰਡਾਂ ਅਨੁਸਾਰ ਆਰ.ਏ.ਐਸ.(**Re-circulatory Aquaculture System)** ਨੂੰ ਸਥਾਪਿਤ ਕਰਨਾ ਹੋਵੇਗਾ, ਜਿਸ ਦਾ ਡਿਜ਼ਾਈਨ ਐਨ.ਐਫ.ਡੀ.ਬੀ, ਹੈਦਰਾਬਾਦ ਵਲੋਂ ਤਿਆਰ ਕੀਤੇ ਡਿਜਾਈਨ ਅਨੁਸਾਰ ਹੋਣਾ ਚਾਹੀਦਾ ਹੈ।

## ੲ) <u>ਕਾਰਜ ਵਿਧੀ</u>

1) ਬਿਨੈਕਾਰਾਂ ਤੋਂ ਅਰਜੀਆਂ ਦੀ ਮੰਗ ਅਖਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਅਤੇ ਵਿਭਾਗ ਦੀਆਂ ਹੋਰ ਪ੍ਰਸਾਰ ਸੇਵਾਵਾਂ ਰਾਹੀਂ ਕੀਤੀ ਜਾਵੇਗੀ।
2) ਅਰਜੀ ਦੇਣ ਉਪਰੰਤ ਬਿਨੈਕਾਰ ਵਲੋਂ ਪ੍ਰੋਜੈਕਟ ਸਬੰਧੀ ਕੇਸ ਮੁਕੰਮਲ ਕਰਕੇ ਜਿਲ੍ਹੇ ਦੇ ਸਹਾਇਕ ਡਾਇਰੈਕਟਰ ਮੱਛੀਪਾਲਣ/ਮੁੱਖ ਕਾਰਜਕਾਰੀ ਅਫਸਰ, ਮੱਛੀ ਪਾਲਕ ਵਿਕਾਸ ਏਜੰਸੀ ਦੇ ਦਫਤਰ ਵਿੱਚ ਜਮਾ ਕਰਵਾਇਆ ਜਾਵੇਗਾ।ਦਫਤਰ ਵਲੋਂ ਪ੍ਰਾਪਤ ਕੇਸ ਕ੍ਰਮਵਾਰ ਦਰਜ ਕੀਤੇ ਜਾਣਗੇ।
3) ਸਹਾਇਕ ਡਾਇਰੈਕਟਰ ਮੱਛੀ ਪਾਲਣ ਅਤੇ ਮੁੱਖ ਕਾਰਜਕਾਰੀ ਅਫਸਰ, ਮੱਛੀ ਪਾਲਕ ਵਿਕਾਸ ਏਜੰਸੀ ਵਲੋਂ ਕੇਸ ਘੋਖਣ ਉਪਰੰਤ ਸਿਫਾਰਿਸ਼ ਕਰਕੇ ਮੁੱਖ ਦਫਤਰ ਵਿਖੇ ਤਕਨੀਕੀ ਪ੍ਰਵਾਨਗੀ ਲਈ ਭੇਜਿਆ ਜਾਵੇਗਾ।
4) ਪ੍ਰਾਪਤ ਹੋਏ ਕੇਸਾਂ ਨੂੰ ਡਾਇਰੈਕਟਰ ਤੇ ਵਾਰਡਨ ਮੱਛੀ ਪਾਲਣ ਵਿਭਾਗ ਵਲੋਂ ਗਠਿਤ ਤਕਨੀਕੀ ਕਮੇਟੀ ਵਲੋਂ ਪ੍ਰਵਾਨ ਕੀਤਾ ਜਾਵੇਗਾ। ਇਨ੍ਹਾਂ ਪ੍ਰਵਾਨ ਕੀਤੇ ਗਏ ਕੇਸਾਂ ਦੀ ਵਿੱਤੀ ਪ੍ਰਵਾਨਗੀ ਮਾਨਯੋਗ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਜੀ ਪਾਸੋਂ ਪ੍ਰਾਪਤ ਕੀਤੀ ਜਾਵੇਗੀ।
5) ਲਾਭਪਾਤਰੀ ਪ੍ਰੋਜੈਕਟ ਵਿੱਚ ਕੁੱਲ ਲਾਗਤ ਦਾ 60% ਹਿੱਸਾ ਪਹਿਲਾਂ ਆਪਣੀ ਜੇਬ ਵਿਚੋਂ ਖਰਚ ਕਰੇਗਾ।ਇਸ ਦਾ ਮੁਲਅੰਕਣ ਵਿਭਾਗ ਦੁਆਰਾ ਐਨ.ਐਫ.ਡੀ.ਬੀ, ਹੈਦਰਾਬਾਦ/ ਸੀ.ਆਈ.ਐਫ.ਏ, ਭੁਵਨੇਸ਼ਵਰ ਦੇ ਨੁਮਾਇੰਦੇ ਵਲੋਂ ਕਰਵਾਇਆ ਜਾਵੇਗਾ।ਮੁਲਅੰਕਣ ਹੋਣ ਉਪਰੰਤ ਵਿਭਾਗ ਦੁਆਰਾ ਸਬਸਿਡੀ ਦੋ ਕਿਸ਼ਤਾਂ ਵਿੱਚ ਰਿਲੀਜ਼ ਕੀਤੀ ਜਾਵੇਗੀ। ਦੂਜੀ ਕਿਸ਼ਤ ਪ੍ਰੋਜੈਕਟ ਪੂਰੀ ਤਰ੍ਹਾਂ ਮੁਕੰਮਲ ਹੋਣ ਉਪਰੰਤ ਹੀ ਰਲੀਜ਼ ਕੀਤੀ ਜਾਵੇਗੀ।
6) ਸਬਸਿਡੀ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ ਆਰ.ਟੀ.ਜੀ.ਐਸ/ਐਨ.ਈ.ਐਫ.ਟੀ. ਰਾਹੀਂ ਜਮਾ ਕਰਵਾਈ ਜਾਵੇਗੀ।